## Main Sources of Maharaja Ranjit Singh's reign.

ਮਹਾਰਾਜਾ ਰਣਜੀਤ ਸਿੰਘ ਬਾਰੇ ਮੁੱਖ ਸੋਮੇ

ਪੰਜਾਬ ਸ਼ੁਰੂ ਤੋਂ ਹੀ ਇਤਿਹਾਸਕ ਗਤੀਵਿਧੀਆਂ ਦਾ ਰਿਹਾ ਹੈ। ਸਾਡੇ ਕੋਲ ਪੰਜਾਬ ਦੇ ਰਾਜੇ ਮਹਾਰਾਜਾ ਜੀਤ ਸਿੰਘ ਦੇ ਰਾਜ ਨੂੰ ਸਮਝਣ ਵਾਸਤੇ ਜਿਹੜੇ ਢਲੇ ਸੋਮੇ ਮਿਲਦੇ ਹਨ ਉਹ ਜਿਆਦਾਤਰ ਫਾਰਸੀ ਅੰਗਰੇਜ਼ੀ ਭਾਸ਼ਾ ਵਿੱਚ ਹਨ। ਪੰਜਾਬ ਵਿੱਚ ਜਿੰਨੇ ਸਿੱਖ ਸ਼ਾਸਕ ਹੋਏ ~~ਉਨ~~ ਮਹਾਰਾਜਾ ਰਣਜੀਤ ਸਿੰਘ ਨਾਂ ਸਾਰਿਆਂ ਵਿੱਚੋਂ ਬਹੁਤ ਹੀ ਸ਼ਕਤੀਸ਼ਾਲੀ ਅਤੇ ਨ ਪਿਆਰਾ ਸ਼ਾਸਕ ਸੀ। ਉਸਨੇ ਪੰਜਾਬ ਤੇ 1792 ਈ. 1839 ਈ. ਤੱਕ ਰਾਜ ਕੀਤਾ। ਉਸਨੇ ਨਾ ਸਿਰਫ ਪੰਜਾਬ ਨੂੰ ਤਾ ਸਗੋਂ ਬਹੁਤ ਸਾਰੇ ਅਫਗਾਨ ਇਲਾਕਿਆਂ ਤੇ ਵੀ ਕਰ ਲਿਆ ਅਤੇ ਇਸ ਤਰ੍ਹਾਂ ਪੰਜਾਬ ਦੇ ਇਤਿਹਾਸ ਨੂੰ ਮੋੜ ਦਿੱਤਾ

### ਫਾਰਸੀ ਦੇ ਸੋਮੇ

ਦਤ-ਉਤ-ਤਵਾਰੀਖ (Umdat-ut-Tawarikh) ਸੋਹਨ ਸੂਰੀ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਇਤਿਹਾਸਕਾਰ ਸੀ, ਬਾਰ ਵਿੱਚ ਡਾਇਰੀ ਲਿਖਣ ਵਾਲਾ ਸੀ। ਉਸ ਦੀ ਪੁਸਤਕ ਉਤ-ਤਵਾਰੀਖ ਵਿੱਚ ~~1769~~ ਈ. ਤੋਂ 1849 ਈ. ਤੱਕ ਦੇ ਪੰਜਾਬ ਸ ਦਾ ਵਰਣਨ ਕੀਤਾ ਮਿਲਦਾ ਹੈ। ਇਹ ਗ੍ਰੰਥ ਪੰਜ ਭਾਗਾਂ

1469

Date: ____________ S M T W T F S

ਇੱਕ ਵੀਰਿਆ ਹੈ। ਰਣਜੀਤ ਸਿੰਘ ਬਾਰੇ ਸਭ ਤੋਂ ਜਿਆਦਾ ਵਿਸ਼ਵਾਸਯੋਗ ਸੋਮਾ ਬਾਰੇ ਕੈਪਟਨ ਵੇਡ ਦੇ ਸ਼ਬਦਾਂ ਵਿੱਚ," ਤਾਰੀਖਾਂ ਅਤੇ ਘਟਨਾਵਾਂ ਨੂੰ ਕ੍ਰਮਵਾਰ ਜਾਣਨ ਲਈ ਇਹ ਸਭ ਤੋਂ ਕੀਮਤੀ ਸੋਮਾ ਹੈ। ਅਸੀਂ ਇਸ ਨੂੰ ਹੋਰ ਭਰੋਸੇਯੋਗ ਸੋਮਿਆਂ ਵਿੱਚ ਦਿੱਤੇ ਤਰੀਕਿਆਂ ਨਾਲ ਮਿਲਾ ਸਕਦੇ ਹਾਂ ਅਤੇ ਸਾਡੀ ਨਿੱਜੀ ਸੋਚ ਇਹ ਹੈ ਕਿ ਇਹਨਾਂ ਦੇ ਪੰਨਿਆਂ ਤੋਂ ਰਣਜੀਤ ਸਿੰਘ ਬਾਰੇ ਬਹੁਤ ਹੀ ਭਰੋਸੇਯੋਗ ਅਤੇ ਸੱਚਾ ਸੋਮਾ ਹੈ"। ਇਤਿਹਾਸਕਾਰ ਜੇ. ਡੀ. ਕਨਿੰਘਮ ਦੇ ਸ਼ਬਦਾਂ ਵਿੱਚ, " ਸੋਹਨ ਲਾਲ ਦੁਆਰਾ ਲਿਖੀ ਰਣਜੀਤ ਸਿੰਘ ਦੀ ਡਾਇਰੀ ਜਾਂ 'ਉਮਦਤ-ਉਤ-ਤਵਾਰੀਖ' ਰਣਜੀਤ ਸਿੰਘ ਦੇ ਜੀਵਨ ~~ਚੱਕ~~ ਦੇ ਵਿਸ਼ੇ ਇੱਕ ਚੰਗੀ ਪੁਸਤਕ ਹੈ।

" Sohan Lal's Diary of Ranjit Singh or Umdat-ut-Tawarikh is very faithful narrative of Ranjit Singh's life," — J.D. Cunningham

ਇਸੇ ਪ੍ਰਕਾਰ ਡਾ. ਬੀ. ਜੇ. ਹਸਰਤ ਨੇ ਵੀ ਇਸ ਪੁਸਤਕ ਦੇ ਇਤਿਹਾਸਕ ਮਹੱਤਵ ਦਾ ਵਰਨਣ ਕਰਦੇ ਹੋਏ ਇਹ ਸ਼ਬਦ ਕਹੇ ਹਨ," ਇਸ ਦੀਆਂ ਸਿੱਖ ਰਾਜ ਦੇ ਸਾਰੇ ਭਾਗਾਂ ਨਾਲ ਸਬੰਧਿਤ ਘਟਨਾਵਾਂ ਵਿਸ਼ਵਾਸਯੋਗ ਹਨ। ਉਸ ਦਾ ਇਤਿਹਾਸਕ ਲੇਖ ਸੰਤੁਲਿਤ ਹੈ ਅਤੇ ਇਸ ਨਾਲ ਬਹੁਤ ਵਧੀਆ ਇਤਿਹਾਸਕ ਸਮੱਗਰੀ ਮਿਲਦੀ ਹੈ।

" Sohan Lal's record of events is faithful and coherent chronicle of the happening in all parts of the kingdom — His chornicle is balanced and profuse." — Dr. B. J. Hasrat 3

2. ਖਾਲਸਾ ਦਰਬਾਰ ਰਿਕਾਰਡ (Khalsa Darbar Records) -

ਰਣਜੀਤ ਸਿੰਘ ਦੇ ਸਮੇਂ ਸਾਰੇ ਸਰਕਾਰੀ ਰਿਕਾਰਡ ਫਾਰਸੀ ਵਿੱਚ ਰੱਖੇ ਜਾਂਦੇ ਸਨ। ਇਨ੍ਹਾਂ ਨੂੰ 'ਖਾਲਸਾ ਦਰਬਾਰ ਪ੍ਰਤੀਲਿੱਪੀਆਂ' ਕਿਹਾ ਜਾਂਦਾ ਹੈ। ਇਹ ਰਿਕਾਰਡ ਪਹਿਲਾਂ ਪੰਜਾਬ ਅਭਿਲੇਖ ਵਿਭਾਗ, ਪਟਿਆਲਾ ਵਿੱਚ ਸੀ ਪਰ ਅੱਜ ਕੱਲ੍ਹ ਇਸ ਨੂੰ ਅੰਮ੍ਰਿਤਸਰ ਭੇਜ ਦਿੱਤਾ ਗਿਆ ਹੈ। ਲਾਹੌਰ ਅਤੇ ਪਟਿਆਲਾ ਦੇ ਰਿਕਾਰਡ ਘਰ ਵਿੱਚ ਇਸ ਸਬੰਧ ਵਿੱਚ ਇੱਕ ਲੱਖ ਤੋਂ ਵੀ ਵਧੇਰੇ ਫਾਈਲਾਂ ਮੌਜੂਦ ਹਨ, ਜਿਨ੍ਹਾਂ ਦੀ ਸੂਚੀ ਸੀਤਾ ਰਾਮ ਕੋਹਲੀ ਨੇ ~~1919 ਈ. ਵਿੱਚ ਪ੍ਰਕਾਸ਼ਿਤ ਕੀਤੀ ਸੀ। ਜਿਸ ਨੂੰ~~ ਦੋ ਖੰਡਾਂ ਵਿੱਚ ਪ੍ਰਕਾਸ਼ਿਤ ਕਰਵਾਇਆ। ਪਹਿਲਾ ਖੰਡ 1919 ਈ. ਵਿੱਚ ਅਤੇ ਦੂਜਾ ~~ਖ~~ 1927 ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਤੋਂ ਸਾਨੂੰ ਰਣਜੀਤ ਸਿੰਘ ਦੇ ਜੀਵਨ, ਸ਼ਾਸਨ ਪ੍ਰਬੰਧ ਅਤੇ ਸਮਕਾਲੀਨ ਸਮਾਜ ਤੇ ਮਹੱਤਵਪੂਰਨ ਚਾਨਣਾ ਪਾਉਂਦਾ ਹੈ।

ਡਾ. ਬੀ. ਜੇ. ਹਸਰਤ ਨੇ ਠੀਕ ਹੀ ਕਿਹਾ ਹੈ, "ਖਾਲਸਾ ਦਰਬਾਰ ਦੀਆਂ ਪ੍ਰਤੀਲਿਪੀਆਂ ਰਣਜੀਤ ਸਿੰਘ ਦੇ ਜੀਵਨ ਅਤੇ ਸਮੇਂ ਦੀ ਜਾਣਕਾਰੀ ਦੀ ਅਨਮੋਲ ਖਾਨ ਹਨ।" ਇਹ ਪ੍ਰਤੀਲਿਪੀਆਂ ਪੰਜਾਬ ਦੇ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਦੀ ਝਾਕੀ ਤਾਂ ਪੇਸ਼ ਕਰਦੀਆਂ ਹਨ, ਨਾਲ ਹੀ ਸਿੱਖਾਂ ਦੇ ਆਪਣੇ ਪ੍ਰਸ਼ਾਸਨਿਕ ਢਾਂਚੇ ਅਤੇ ਲਗਾਨ ਵਿਵਸਥਾ ਤੇ ਵੀ ਚਾਨਣਾ ਪਾਉਂਦੀਆਂ ਹਨ।

3 ਫਾਰਸੀ ਦੇ ਇਤਿਹਾਸਕ ਗ੍ਰੰਥ :- ਮੁਸਲਮਾਨ ਲਿਖਾਰੀਆਂ ਦੁਆਰਾ ਫਾਰਸੀ ਵਿੱਚ ਜਿਆਦਾਤਰ ਰਚਨਾਵਾਂ ਲਿਖੀਆਂ ਗਈਆਂ ਹਨ। ਸਾਨੂੰ ਰਣਜੀਤ ਸਿੰਘ ਦੇ ਰਾਜ ਬਾਰੇ ਇਹਨਾਂ ਤੋਂ ਕਾਫੀ ਸਹਾਇਤਾ

Date: S M T W T F S

ਮਿਲਦੀ ਹੈ, ਇਨ੍ਹਾਂ ਵਿੱਚ ਬੂਟੇ ਸ਼ਾਹ ਦੀ ਤਵਾਰੀਖ-ਏ-ਪੰਜਾਬ, ਦੀਵਾਨ ਅਮਰਨਾਥ ਦੀ ਜ਼ਫਰਨਾਮਾ-ਏ-ਰਣਜੀਤ ਸਿੰਘ, ਅਲਾਉਦੀਨ ਮੁਫਤੀ ਦੀ ਇਬਾਦਤਨਾਮਾ, ਸੋਹਨ ਲਾਲ ਸੂਰੀ ਦੀ ਉਮਦਤ-ਉਲ-ਤਵਾਰੀਖ, ਤਵਾਰੀਖ ਗੁਰੂ ਖਾਲਸਾ ਮੁੱਖ ਹਨ।

4. ਅਖਬਾਰ ਡਿਉੜੀ ਸਰਦਾਰ ਰਣਜੀਤ ਸਿੰਘ :- ਡਾ. ਸੁਰਿੰਦਰ ਨਾਜਿਮ ਭਾਰਤ ਦੇ ਪੁਰਾਤੱਤਵ ਵਿਭਾਗ ਦੇ ਇੱਕ ਅਫਸਰ ਸਨ। ਡਾ. ਸੁਰਿੰਦਰ ਨਾਜਿਮ ਵੱਲੋਂ 1832-33 ਵਿੱਚ ਸਮਾਚਾਰ ਪੱਤਰਾਂ ਦੀ ਕੁਲੈਕਸ਼ਨ ~~ਪੂਨਾ~~ ਡਵੀਜ਼ਨਲ ਕਮਿਸ਼ਨਰ ਪੂਨਾ ਦੇ ਦਫਤਰ ਵਿੱਚੋਂ ਲੱਭੀ ਗਈ। ਚੰਗੀ ਤਰ੍ਹਾਂ ਜਾਂਚ ਕਰਨ ਉਪਰੰਤ ਪੰਜਾਬ ਸਰਕਾਰ ਦੇ ਰਿਕਾਰਡ ~~ਅਫਸਰ~~ ਅਫਸਰ, ਐਚ. ਐਲ. ਓ-ਗੈਰਿਟ ਨੇ ਇਹਨਾਂ ਪੱਤਰਾਂ ਦਾ ਅੰਗਰੇਜ਼ੀ ਵਿੱਚ ਕਰਵਾਇਆ। 1935 ਵਿੱਚ ਇਹਨਾਂ ਨੂੰ Events at the Court of Ranjit Singh, 1810-1817 ਦੇ ਨਾਂ ਹੇਠਾਂ ਛਪਵਾਇਆ, ਇਹ ਪੱਤਰਾਂ ਤੋਂ ਵਿਸਥਾਰ ਨਾਲ ਪਤਾ ਲੱਗਦਾ ਹੈ ਕਿ ਉਸ ਸਮੇਂ ਮਹਿਲ ਵਿੱਚ ਕੀ ਹੋ ਰਿਹਾ ਸੀ, ਵਿਸ਼ੇਸ਼ ਤੌਰ ਰਣਜੀਤ ਸਿੰਘ ਦੇ ਰੋਜ਼ਾਨਾ ਦੇ ਰੁਝੇਵੇਂ, ਫੌਜੀ, ਸਿਵਲ ਪ੍ਰਬੰਧ, ਵਿੱਤ ਪ੍ਰਬੰਧ, ਉਨ੍ਹਾਂ ਦੀਆਂ ਨਿੱਜੀ ਆਦਤਾਂ, ਚਰਿੱਤਰ ਅਤੇ ਮਨ ਪ੍ਰਵਿਰਤੀਆਂ ਬਾਰੇ ਵਿਸਥਾਰ ਵਿੱਚ ਪਤਾ ਚੱਲਦਾ ਹੈ। ਇਹ ਪੱਤਰ ਰਣਜੀਤ ਸਿੰਘ ਦੇ ਗੁਆਂਢੀ ਮੁਲਕਾਂ ਨਾਲ ਸਬੰਧਾਂ ਬਾਰੇ ਵੀ ਦਰਸਾਉਂਦੇ ਹਨ।

5 ਚਾਰ-ਬਾਗ-ਏ-ਪੰਜਾਬ :- ਇਸ ਪੁਸਤਕ ਨੂੰ 1855 ਵਿੱਚ 'ਗਣੇਸ਼ ਦਾਸ ਵਡੇਹਰਾ' ਦੁਆਰਾ ਲਿਖਿਆ ਗਿਆ ਹੈ ਕਿ ਸ਼ਾਹੀ

S M T W T F S
Date:

ਦਰਬਾਰ ਦੇ ਅਧੀਨ ਗੁਜਰਾਤ ਵਿੱਚ ਕਾਨੂੰਨਗੋ ਸੀ। ਇਸ ਪੁਸਤਕ ਨੂੰ 1965 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਇਤਿਹਾਸਕ ਵਿਭਾਗ ਨੇ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਦਾ ਪੰਜਾਬੀ ਵਿੱਚ ਵੀ ਅਨੁਵਾਦ ਹੈ। ਗਨੇਸ਼ ਦਾਸ ਕਾਨੂੰਨਗੋ ਹੋਣ ਕਰਕੇ ਸਰਕਾਰੀ ਰਿਕਾਰਡ ਤੱਕ ਉਸਦੀ ਪਹੁੰਚ ਆਸਾਨ ਸੀ। ਉਸ ਨੇ ਰਣਜੀਤ ਸਿੰਘ ਦੀ ਜਿੱਤਾਂ, ਉਸਦੇ ਪ੍ਰਬੰਧ ਅਤੇ ਦਰਬਾਰੀਆਂ ਬਾਰੇ ਬਹੁਤ ਹੀ ਵਿਸਥਾਰ ਨਾਲ ਲਿਖਿਆ ਹੈ।

6 ਜਫਰਨਾਮਾ-ਏ-ਰਣਜੀਤ ਸਿੰਘ: ਮਹਾਰਾਜਾ ਰਣਜੀਤ ਸਿੰਘ ਦੇ ਕਹਿਣ ਤੇ 1836-37 ਈ: ਵਿੱਚ ਦੀਵਾਨ ਅਮਰਨਾਥ ਨੇ ਫਾਰਸੀ ਵਿੱਚ ਇਸ ਪੁਸਤਕ ਨੂੰ ਪੂਰਾ ਕੀਤਾ। ਸੀਤਾ ਰਾਮ ਕੋਹਲੀ ਨੇ ਇਸਦਾ ਸੰਪਾਦਨ ਕੀਤਾ ਉਹ ਕਹਿੰਦੇ ਹਨ ਕਿ "ਵਿਸਥਾਰ ਦੀ ਦ੍ਰਿਸ਼ਟੀ ਤੋਂ ਇਹ ਪੁਸਤਕ ਉਸ ਸਮੇਂ ਦੀ ਕਿਸੇ ਹੋਰ ਲਿਖਤ ਨਾਲੋਂ ਮਾੜੀ ਨਹੀਂ, ਇੱਥੋਂ ਤੱਕ ਇਸ ਪੁਸਤਕ ਤੋਂ ਸੋਹਨਲਾਲ ਸੂਰੀ ਦੀ ਡਾਇਰੀ ਅਤੇ ਬੂਟੇ ਸ਼ਾਹ ਦੀ ਲਿਖਤ ਤੋਂ ਕਿਤੇ ਜਿਆਦਾ, ਉਸ ਸਮੇਂ ਦੀਆਂ ਸਚਾਈਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ।" ਦੀਵਾਨ ਅਮਰਨਾਥ ਰਣਜੀਤ ਸਿੰਘ ਦਾ ਬਖਸ਼ੀ ਜਾਂ ਮਹਾਰਾਜੇ ਦੀ ਸਰਕਾਰ ਦੇ ਅਨਿਯਮਿਤ ਫੌਜ਼ ਸਵਾਰਾਂ ਨੂੰ ਤਨਖਾਹ ਦੇਣ ਵਾਲਾ ਕਰਮਚਾਰੀ ਸੀ। ਮਹਾਰਾਜਾ ਰਣਜੀਤ ਸਿੰਘ ਦਾ ਇੱਕ ਹੋਰ ਮਹੱਤਵਪੂਰਨ ਮੰਤਰੀ ਦੀਵਾਨ ਦੀਨਾ ਨਾਥ ਸਨ ਜੋ ਕਿ ਦੀਵਾਨ ਅਮਰਨਾਥ ਦੇ ਪਿਤਾ ਜੀ ਸਨ। ਇਸ ਕਰਕੇ ਦੀਵਾਨ ਅਮਰਨਾਥ ਨੂੰ ਬੜੀ ਆਸਾਨੀ ਨਾਲ ਰਾਜ ਦੇ ਰਿਕਾਰਡ ਪ੍ਰਾਪਤ ਹੋ ਜਾਂਦੇ ਸਨ ਇਸ ਪੁਸਤਕ ਵਿੱਚ ਰਣਜੀਤ ਸਿੰਘ ਦੇ ਸਮੇਂ ਬਾਰੇ ਹਰ ਸਾਲ ਦੀਆਂ

ਘਟਨਾਵਾਂ ਦਾ ਜ਼ਿਕਰ ਮਿਲਦਾ ਹੈ, 1837 ਤੱਕ ਦੇ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਮਹੱਤਵਪੂਰਣ ਸੋਮਿਆਂ ਬਾਰੇ ਜਾਣਕਾਰੀ ਇਸ ਪੁਸਤਕ ਵਿੱਚੋਂ ਮਿਲਦੀ ਹੈ ਕਿਉਂਕਿ ਇਸ ਪੁਸਤਕ ਦਾ ਪੰਜਾਬੀ ਵਿੱਚ ਅਨੁਵਾਦ ਹੋ ਚੁੱਕਾ ਹੈ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸ ਪੁਸਤਕ ਨੂੰ ਛਪਵਾਇਆ ਹੈ,

7. ਪ੍ਰਸ਼ਾਸਨਿਕ ਰਿਕਾਰਡ ਅਤੇ ਲਿਖਤਾਂ (Administrative Records and Documents) :- ਅੰਗਰੇਜ਼ੀ ਸਰਕਾਰ ਦੀਆਂ

7 ਤਵਾਰੀਖ-ਏ-ਪੰਜਾਬ :- ਇਸ ਪੁਸਤਕ ਦਾ ਲੇਖਕ ਗੁਲਾਮ ਮੁਹੀਉ-ਉਦ-ਦੀਨ ਜਾਂ ਬੂਟੇ ਸ਼ਾਹ ਜੋ ਕਿ ਲੁਧਿਆਣੇ ਦਾ ਰਹਿਣ ਵਾਲਾ ਸੀ। ਇਸ ਪੁਸਤਕ ਨੂੰ ਉਸਨੇ 1848 ਵਿੱਚ ਪੂਰਾ ਕੀਤਾ। ਇਸ ਵਿੱਚ ਰਣਜੀਤ ਸਿੰਘ ਦੇ ਜਨਮ ਤੋਂ ਲੈ ਕੇ ਮੌਤ ਤੱਕ ਵਿਸਥਾਰ ਵਿੱਚ ਵਰਨਣ ਮਿਲਦਾ ਹੈ, ਜੀਵਨ ਦੀਆਂ ਸਾਰੀਆਂ ਘਟਨਾਵਾਂ ਜਿਨ੍ਹਾਂ ਵਿੱਚ ਲਾਹੌਰ ਤੇ ਕਬਜ਼ਾ, ਸਿੱਖ ਮਿਸਲਾਂ ਦੇ ਇਲਾਕਿਆਂ ਤੇ ਕਬਜ਼ਾ, ਮੁਲਤਾਨ, ਕਸ਼ਮੀਰ, ਅਟਕ, ਡੇਰਾ ਜਾਤ, ਅਤੇ ਪਿਸ਼ਾਵਰ ਦੀਆਂ ਜਿੱਤਾਂ ਅਤੇ ਉਸਦੇ ਪੱਛਮੀ ਰਾਜਾਂ ਅਤੇ ਬ੍ਰਿਟਿਸ਼ ਨਾਲ ਸਬੰਧਿਤ ਮੁੱਖ ਘਟਨਾਵਾਂ ਬਾਰੇ ਵਿਸਥਾਰ ਸਹਿਤ ਮਿਲਦਾ ਹੈ। ਉਹ ਮਾਲਵੇ ਦੇ ਇਲਾਕੇ ਵਿੱਚ ਰਹਿੰਦਾ ਸੀ, ਇਸ ਲਈ ਜੋ ਕੁਝ ਵੀ ਉਸਨੇ ਲਿਖਿਆ ਉਹ ਲਾਹੌਰ ਦਰਬਾਰ ਦੇ ਦਬਾਅ ਤੋਂ ਬਿਨਾਂ ਲਿਖਿਆ ਹੈ।

8 ਇਬਰਤਨਾਮਾ (Ibratnama) :- ਈਸਟ ਇੰਡੀਆ ਕੰਪਨੀ ਵਿੱਚ ਨੌਕਰੀ ਕਰਨ ਵਾਲੇ ਮੁਫਤੀ ਅਲੀ-ਉਦ-ਦੀਨ ਨੇ ਇਬਰਤ-ਨਾਮਾ ਰਣਜੀਤ ਸਿੰਘ ਦੇ ਸਮੇਂ ਵਿੱਚ ਫਾਰਸੀ ਵਿੱਚ ਲਿਖਿਆ। ਉਸਨੇ ਆਪਣੀ ਪੁਸਤਕ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ। ਇਸ ਪੁਸਤਕ ਤੋਂ ਪੰਜਾਬ ਦੀ ਭੂਗੋਲਿਕ ਹਾਲਤ, ਲਾਹੌਰ ਦਾ ਇਤਿਹਾਸ, ਪੰਜਾਬ ਦੇ ਇਤਿਹਾਸ ਬਾਰੇ ਅਤੇ ਪੰਜਾਬ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਅਤੇ ਰੀਤੀ ਰਿਵਾਜਾਂ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਰਣਜੀਤ ਸਿੰਘ ਦੇ ਮੁੱਖ ਦਰਬਾਰੀਆਂ ਬਾਰੇ ਪਤਾ ਚੱਲਦਾ ਹੈ।

9 ਤਵਾਰੀਖ-ਏ-ਸਿੱਖਾਂ :- ਖੁਸ਼ਵਕਤ ਰਾਇ ਨੇ 1811 ਤੱਕ ਦਾ ਸਿੱਖ ਇਤਿਹਾਸ ਆਪਣੀ ਪੁਸਤਕ ਤਵਾਰੀਖ-ਏ-ਸਿੱਖਾਂ ਵਿੱਚ ਦਿੱਤਾ ਹੈ। ਇਹ ਪੁਸਤਕ ਅਜੇ ਤੱਕ ਛਪੀ ਨਹੀਂ ਪਰ ਇਸ ਦਾ ਖਰੜਾ ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ਵਿੱਚ ਮੌਜੂਦ ਹੈ। ਲੇਖਕ ਈਸਟ ਇੰਡੀਆ ਕੰਪਨੀ ਦੇ ਲੁਧਿਆਣਾ ਸਥਿਤ ਪੋਲੀਟੀਕਲ ਏਜੰਟ ਦਾ ਸਹਾਇਕ ਅਤੇ ਜਸੂਸ ਸੀ। ਉਸ ਨੇ ਇਸ ਪੁਸਤਕ ਨੂੰ ਲੁਧਿਆਣੇ ਦੇ ਬ੍ਰਿਟਿਸ਼ ਪੋਲੀਟੀਕਲ ਏਜੰਟ ਦੇ ਕਹਿਣ ਤੇ ਲਿਖਿਆ। ਲੇਖਕ ਨੇ ਆਪਣੀ ਪੁਸਤਕ ਵਿੱਚ ਰਣਜੀਤ ਸਿੰਘ ਅਤੇ ਮੈਟਕਾਫ਼ ਵਿਚਕਾਰ ਹੋਈ ਗੱਲਬਾਤ ਦਾ ਵਿਸਤਾਰ ਵਿੱਚ ਵਰਣਨ ਕੀਤਾ ਹੈ। ਉਹ ਅੰਗਰੇਜ਼ਾਂ ਦੇ ਹੱਕ ਵਿੱਚ ਸੀ ਪਰ ਉਸਨੇ ਆਪਣੇ ਨਿੱਜੀ ਵਿਚਾਰਾਂ ਨੂੰ ਜ਼ਿਆਦਾ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਰਣਜੀਤ ਸਿੰਘ ਦੇ ਮੁੱਢਲੇ ਜੀਵਨ ਦੇ ਸਮੇਂ ਵਿੱਚ ਜਾਣਕਾਰੀ ਦਾ ਇਹ ਸਭ ਤੋਂ ਮਹੱਤਵਪੂਰਨ ਸੋਮਾ ਹੈ।

# ਅੰਗਰੇਜ਼ੀ ਸੋਮੇ

1. ਪ੍ਰਸ਼ਾਸਨਿਕ ਰਿਕਾਰਡ ਅਤੇ ਲਿਖਤਾਂ (Administrative Records and Documents) ਭਾਰਤ ਦੀ ਅੰਗਰੇਜ਼ੀ ਸਰਕਾਰ ਦੀਆਂ ਪ੍ਰਤੀਲਿਪੀਆਂ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਬਾਰੇ ਬਹੁਤੀ ਲਾਭਦਾਇਕ ਇਤਿਹਾਸਕ ਸਮੱਗਰੀ ਦਿੰਦੀਆਂ ਹਨ। ਇਹ ਸਾਰੀਆਂ ਪ੍ਰਤੀਲਿਪੀਆਂ ਭਾਰਤੀ ਰਾਸ਼ਟਰੀ ਅਭਿਲੇਖਾਗਾਰ ਵਿੱਚ ਸੁਰੱਖਿਅਤ ਹਨ। ਇਤਿਹਾਸਕ ਪੱਖੋਂ ਦਿੱਲੀ ਰੈਜ਼ੀਡੈਂਸੀ ਅਤੇ ਲੁਧਿਆਣਾ ਏਜੰਸੀ ਦੇ ਪ੍ਰਲੇਖ ਖਾਸ ਮਹੱਤਤਾ ਰੱਖਦੇ ਹਨ। ਇਨ੍ਹਾਂ ਤੋਂ ਸਾਨੂੰ ਬ੍ਰਿਟਿਸ਼ ਸਰਕਾਰ ਅਤੇ ਖਾਲਸਾ ਦਰਬਾਰ ਦੇ ਆਪਸੀ ਸਬੰਧਾਂ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਪ੍ਰਲੇਖਾਂ ਤੋਂ ਇਲਾਵਾ ਭਾਰਤੀ ਗਵਰਨਰ ਜਨਰਲਾਂ ਦੇ ਨਿੱਜੀ ਚਿੱਠੀ-ਪੱਤਰਾਂ ਤੋਂ ਵੀ ਪੰਜਾਬ ਦੇ ਵਿਸ਼ੇ ਵਿੱਚ ਬਹੁਤ ਇਤਿਹਾਸਿਕ ਤੱਥਾਂ ਦਾ ਪਤਾ ਲੱਗਦਾ ਹੈ। ਇਹ ਪੱਤਰ ਉਹ ਸਮੇਂ ਸਮੇਂ ਇੰਗਲੈਂਡ ਦੀ ਸਰਕਾਰ ਨੂੰ ਜਾਂ ਆਪਣੇ ਮਿੱਤਰਾਂ ਨੂੰ ਲਿਖਦੇ ਰਹੇ। ਇਨ੍ਹਾਂ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅੰਗਰੇਜ਼ੀ ਸਰਕਾਰ ਦੀ ਸਿੱਖਾਂ ਦੇ ਪ੍ਰਤੀ ਕੀ ਨੀਤੀ ਰਹੀ।

2. Origin of the Sikh power in Punjab - Henry Prinsep ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਪ੍ਰਬੰਧ, ਫੌਜ, ਉਸ ਦੇ ਚਰਿੱਤਰ ਅਤੇ ਸਿੱਖਾਂ ਦੇ ਰਿਵਾਜਾਂ ਅਤੇ ਤੌਰ-ਤਰੀਕਿਆਂ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਪ੍ਰਿੰਸੇਪ ਨੂੰ ਬ੍ਰਿਟਿਸ਼ ਪੋਲੀਟੀਕਲ ਏਜੰਟਾਂ ਦੀਆਂ ਰਿਪੋਰਟਾਂ ਤੋਂ ਲਿਖਣ ਲਈ ਕਾਫੀ ਮਸਾਲਾ ਪ੍ਰਾਪਤ ਹੋਇਆ। ਇਹ ਪੁਲੀਟੀਕਲ ਏਜੰਟ "ਵਿਲੀਅਮ ਮਰੇ ਅਤੇ ਵੇਡ" ਸਨ। ਇਸ ਪੁਸਤਕ ਤੋਂ ਰਣਜੀਤ ਸਿੰਘ ਦੇ ਤਖਤ ਵਿੱਚ ਆਉਣ ਤੋਂ ਲੈ ਕੇ ਉਸਦੀ ਵਿਲੀਅਮ ਬੈਂਟਿੰਕ ਨਾਲ ਰੋਪੜ ਵਿਖੇ ਮੁਲਾਕਾਤ ਦੇ ਸਮੇਂ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ।

3 The Punjab - ਸਟੇਨਬੈਕ (Steinbach) ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਉੱਚ ਅਹੁਦੇ ਤੇ ਨਿਯੁਕਤ ਸੀ। ਉਸ ਨੇ ਆਪਣੀ ਰਚਨਾ 'The Punjab' ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਸਬੰਧੀ ਬੜੇ ਮਹੱਤਵਪੂਰਨ ਵੇਰਵੇ ਦਿੱਤੇ ਹਨ।

4 ਡਾ. ਬੀ. ਜੇ. ਹਸਰਤ ਅਨੁਸਾਰ "Origin of the Sikh Power in Punjab, is a lucid, sketchy but informative narrative from 1742 to 1831." ਇਸ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਰਣਜੀਤ ਸਿੰਘ ਦਾ ਉਭਾਰ ਕਿਸ ਤਰ੍ਹਾਂ ਹੋਇਆ। ਉਸਦਾ ਇਹ ਵਰਨਣ ਇਤਿਹਾਸ ਪੁਸਤਕਾਂ ਅਤੇ ਸਰਕਾਰੀ ਰਿਕਾਰਡਾਂ ਤੇ ਨਿਰਭਰ ਕਰਦਾ ਹੈ। ਉਹ ਰਣਜੀਤ ਸਿੰਘ ਦੇ ਚਰਿੱਤਰ ਅਤੇ ਨੀਤੀ ਬਾਰੇ ਵੀ ਲਿਖਦਾ ਹੈ। ਉਹ ਸਿੱਖਾਂ ਦੇ ਰੀਤੀ ਰਿਵਾਜਾਂ ਅਤੇ ਜੰਗ ਤਰੀਕਿਆਂ ਬਾਰੇ ਵੀ ਦੱਸਦਾ ਹੈ ਜਿਸਦੇ ਆਧਾਰ ਤੇ ਹੋਰ ਅੱਗੇ ਖੋਜ ਕਰਨ ਵਾਲੀ ਸੇਧ ਪ੍ਰਾਪਤ ਹੁੰਦੀ ਹੈ, ਇਸ ਪੁਸਤਕ ਦਾ ਉਸ ਤੋਂ ਬਾਅਦ ਦੇ ਲੇਖਕਾਂ ਨੂੰ ਬਹੁਤ ਲਾਭ ਹੋਇਆ, ਜਿਨ੍ਹਾਂ ਨੇ ਰਣਜੀਤ ਸਿੰਘ ਬਾਰੇ ਲਿਖਿਆ।

5 ਹਿਸਟਰੀ ਆਫ ਦੀ ਪੰਜਾਬ (History of the Punjab) ਇਸ ਪੁਸਤਕ ਦੀ ਰਚਨਾ 1842 ਈ. ਵਿੱਚ 'ਡਾਕਟਰ ਮੱਰੇ' ਨੇ ਕੀਤੀ ਸੀ। ਇਸ ਦੇ ਦੋ ਭਾਗ ਹਨ। ਇਨ੍ਹਾਂ ਵਿੱਚ ਸਿੱਖਾਂ ਦੇ ਇਤਿਹਾਸ ਦਾ ਬੜਾ ਵਿਸਤਾਰ ਨਾਲ ਵਰਨਣ ਕੀਤਾ ਮਿਲਦਾ ਹੈ। ਇਹ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਵਾਰਸਾਂ ਸਬੰਧੀ ਉੱਤਮ ਸੋਮਾ ਹੈ।

6 ਦੀ ਕੋਰਟ ਐਂਡ ਪਰਿਸੋਚ ਕੈਂਪ ਆਫ ਰਣਜੀਤ ਸਿੰਘ (The Court Camp of Ranjit Singh) - ਇਸ ਪੁਸਤਕ ਦੀ ਰਚਨਾ 1840 ਈ।

ਵਿੱਚ 'ਕੈਪਟਨ ਵਿਲੀਅਮ ਉਸਬੋਰਨ' ਨੇ ਕੀਤੀ ਸੀ। ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣ ਦਾ ਮੌਕਾ ਕਈ ਵਾਰੀ ਮਿਲਿਆ ਸੀ। ਉਸ ਨੇ ਆਪਣੀ ਪੁਸਤਕ ਵਿੱਚ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨ ਸ਼ੌਕਤ, ਉਸਦੇ ਦਰਬਾਰ ਦੀ ਸੋਹਰਤ ਅਤੇ ਫੌਜ ਸਬੰਧੀ ਬਹੁਤ ਚਾਨਣਾ ਪਾਇਆ। ਡਾ. ਬੀ. ਜੇ. ਹਸਰਤ ਅਨੁਸਾਰ "His journal is a master piece of style and conciseness of narrative". ਉਸ ਨੇ ਰਣਜੀਤ ਸਿੰਘ ਦੇ ਸਰਦਾਰਾਂ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਹੈ।

8 7. ਹਿਸਟਰੀ ਆਫ ਦੀ ਸਿੱਖਜ਼ (History of the Sikhs)

ਇਸਦੀ ਰਚਨਾ 'ਡਾਕਟਰ ਮੈਕਗਰੇਗਰ' ਨੇ ਕੀਤੀ ਹੈ, ਉਸ ਨੇ ਆਪਣੀ ਪੁਸਤਕ ਦੋ ਭਾਗਾਂ ਵਿੱਚ 1846 ਈ: ਵਿੱਚ ਲਿਖੀ ਸੀ। ਰਣਜੀਤ ਸਿੰਘ ਦੇ ਅੰਗਰੇਜ਼ਾਂ ਨਾਲ ਸਬੰਧਾਂ ਅਤੇ ਉਸਦੇ ਉੱਤਰਾਧਿਕਾਰੀਆਂ ਦੇ ਸਮੇਂ ਅੰਗਰੇਜ਼ਾਂ ਨਾਲ ਲੜਾਈਆਂ ਸਬੰਧੀ ਬਹੁਤ ਹੀ ਮਹੱਤਵਪੂਰਣ ਜਾਣਕਾਰੀ ਦਿੱਤੀ ਹੈ।

8 ਹਿਸਟਰੀ ਆਫ ਦੀ ਸਿੱਖਜ਼ (History of the Sikhs)

'ਜੇ. ਡੀ. ਕਨਿੰਘਮ' ਨੇ 1849 ਈ: ਇਹ ਪੁਸਤਕ ਲਿਖੀ ਅਤੇ ਅੰਗਰੇਜ਼ ਲਿਖਾਰੀਆਂ ਦੁਆਰਾ ਲਿਖੀਆਂ ਗਈ ਲਿਖਤਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਰਚਨਾ ਹੈ। ਭਾਵੇਂ ਉਹ ਅੰਗਰੇਜ਼ਾਂ ਦੀ ਨੌਕਰੀ ਕਰਦਾ ਸੀ ਪਰ ਉਸਨੇ ਇਸ ਪੁਸਤਕ ਵਿੱਚ ਆਪਣੇ ਵਿ ਬੜੇ ਨਿਰਪੱਖ ਹੋਕੇ ਲਿਖੇ ਹਨ। ਉਸਦੇ ਕੰਮ ਨੂੰ ਬਹੁਤ ਹੀ ਵਿਸ਼ਵਾਸ਼ ਵਾਲਾ, ਖਾਸ ਤੌਰ ਤੇ ਰਣਜੀਤ ਸਿੰਘ ਦੇ ਸਮੇਂ ਅਤੇ ਪਹਿਲ

Date:

ਸੌਂਪ ਬਾਰੇ ਲਿਖਿਆ। ਕਨਿੰਘਮ ਨੂੰ 'ਪੂਰਨ ਸਿੱਖ' ਕਿਹਾ ਜਾਂਦਾ ਹੈ। ਕਨਿੰਘਮ ਦੇ ਅਨੁਸਾਰ ਰਣਜੀਤ ਸਿੰਘ ਨੇ ਬੜੀ ਸੂਝ-ਬੂਝ ਅਤੇ ਦੂਰਅੰਦੇਸ਼ੀ ਨੀਤੀ ਨਾਲ ਜੋ ਤੱਤ ਬਿਖਰ ਚੁੱਕੇ ਸਨ, ਨੂੰ ਏਕੇ ਦੇ ਸੰਗਠਨ ਵਿੱਚ ਤਬਦੀਲ ਕੀਤਾ ਅਤੇ ਸਿੱਖ ਰਾਸ਼ਟਰ ਨੂੰ ਗੁਰੂ ਗੋਬਿੰਦ ਸਿੰਘ ਦੀ ਸਿੱਖ ਕਾਮਨਵੈਲਥ ਦੇ ਰੂਪ ਵਿੱਚ ਢਾਲ ਸਕੇ। ਉਸ ਵੇਲੇ ਕਨਿੰਘਮ ਜੀ ਨੇ ਅੰਗਰੇਜ਼ਾਂ ਨਾਲ ਨਾਰਾਜ਼ਗੀ ਮੁੱਲ ਲਈ ਜਦੋਂ ਉਸਨੇ Blue Book ਵਿੱਚ ਦੱਸੇ ਹੋਏ ਡਾਕੂਮੈਂਟਾਂ ਨੂੰ ਕਾਨਫ ਵਿੱਚ ਲਿਆਂਦਾ ਜੋ 1849 ਵਿੱਚ ਬ੍ਰਿਟਿਸ਼ ਸੰਸਦ ਦੇ ਸਾਹਮਣੇ ਪੇਸ਼ ਕੀਤੇ ਗਏ ਸਨ। ਕਨਿੰਘਮ ਨੂੰ ਪੰਜਾਬ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਬਾਅਦ ਵਿੱਚ ਪੋਲੀਟੀਕਲ ਏਜੰਟ ਦੀ ਪਦਵੀ ਤੋਂ ਹਟਾ ਦਿੱਤਾ ਗਿਆ। ਇਸ ਲਈ ਇਸ ਪੁਸਤਕ ਨੂੰ ਸਿੱਖਾਂ ਦੇ ਇਤਿਹਾਸ ਤੇ ਰਣਜੀਤ ਸਿੰਘ ਦੇ ਸ਼ਾਸਨ ਕਾਲ ਨੂੰ ਜਾਨਣ ਲਈ ਇੱਕ ਬਹੁਤ ਹੀ ਭਰੋਸੇਯੋਗ ਸੋਮਾ ਮੰਨਿਆ ਗਿਆ ਹੈ।

Dr. Harminder Kaur
Deptt. History
Akal Degree College
Mastuana Sahib.